## ਪਵਿੱਤਰਤਾ ਵਿੱਚ ਪ੍ਰਭੂ

# ਵਿਸ਼ਵਾਸ


### ਦੁਆਰਾ: ਜਾਰਜ ਲਿਓਨ ਪਾਈਕ, ਸੀਨੀਅਰ



ਇਹ ਸੁਨੇਹਾ ਮੁਫਤ ਵੰਡਣ ਲਈ ਪ੍ਰਕਾਸ਼ਤ ਕੀਤਾ ਗਿਆ ਹੈ। ਵਧੇਰੇ ਕਾਪੀਆ ਲਈ, ਹੇਠ ਦਿੱਤੇ ਪਤੇ ਤੇ, ਜੇ ਹੋ ਸਕੇ ਤਾਂ ਅੰਗਰੇਜੀ ਵਿੱਚ ਲਿਖੋ, ਇਹ ਦੱਸਦੇ ਹੋਏ ਕਿ ਤੁਸੀਂ ਕਿੰਨੀਆਂ ਕਾਪੀਆਂ ਸਮਝਦਾਰੀ ਨਾਲ ਵਰਤ ਸੱਕਦੇ ਹੋ।



**Published By**

**Grace Temple**
**PO Box 511**
**Monroe, GA 30655-0511 USA**
**Web: www.GraceTempleOnline.org**
**Email: info@GraceTempleOnline.org**

**PUN9915T • Punjabi • The Faith**

# ਵਿਸ਼ਵਾਸ

ਜਿਹੜੇ ਇਹ ਪਰਚਾ ਪੜ੍ਹ ਰਹੇ ਹੋ, ਮੈਂ ਤੁਹਾਡੇ ਤੋਂ ਪੁੱਛਣਾ ਚਾਹੁੰਦਾ ਹਾਂ। ਕੀ ਤੁਸੀ ਮਸੀਹੀ ਹੋ? ਮਸੀਹ ਦਾ ਮਤਲਬ ਹੈ, ਮਸੀਹ ਵਰਗਾ ਹੋਣਾ, ਕੀ ਤੁਸੀ ਜੀਵਨ ਵਿੱਚ ਉਹ ਕੰਮ ਕਰਦੇ ਹੋ, ਜੋ ਮਸੀਹ ਨੇ ਆਪਣੇ ਜੀਵਨ ਕਾਲ ਵਿੱਚ ਕੀਤੇ? ਸ਼ੈਤਾਨ ਦੇ ਜ਼ੁਲਮ ਤੋਂ ਸਭ ਨੂੰ ਨਿਜਾਤ ਦਿਵਾਉਣ ਲਈ, ਉਹ ਚੰਗਾ ਕਰਨ ਲਈ ਅੱਗੇ ਵਧੀਆ।

ਜੀਵਨ ਵਿੱਚ ਤੁਹਾਡਾ ਟੀਚਾ ਅਤੇ ਉਦੇਸ਼ ਕੀ ਹੈ? ਇਹ ਬਹੁਤ ਮਹੱਤਵਪੂਰਨ ਹੈ ਕਿ ਤੁਹਾਡਾ ਮਕਸਦ ਸਹੀ ਹੈ? ਜਾਂ ਜੋ ਕੁੱਝ ਤੁਸੀ ਕਰ ਰਹੇ ਹੋ, ਉਹ ਗਲਤ ਹ। ਚਾਹੇ ਇਹ ਕਿੰਨਾ ਵੀ ਵਧੀਆ ਕਿਉ ਨਾ ਹੋਵੇ...! ਕੀ ਤੁਹਾਡਾ ਉਦੇਸ਼ ਇੱਕ ਵਧੀਆ ਘਰ ਜਾਂ ਫਿਰ ਇੱਕ ਕਾਰ ਜਾਂ ਫਿਰ ਇੱਕ ਵੱਡਾ ਬੈਂਕ ਖਾਤਾ ਹੋਣਾ ਹੈ? ਕੀ ਤੁਹਾਡਾ ਉਦੇਸ਼ ਸਿਰਫ਼ ਇਸ ਸੰਸਾਰ ਵਿੱਚ ਕੋਈ ਕਾਰੋਬਾਰ, ਸ਼ਾਨੋ-ਸ਼ੋਕਤ, ਪ੍ਰਸਿੱਧੀ ਜਾਂ ਸ਼ਕਤੀ ਰੱਖਣਾ ਹੈ??? ਮੇਰੇ ਪਿਅਰੇ ਦੋਸਤ, ਇਹ ਬਹੁਤ ਹੀ ਮਾੜਾ ਉਦੇਸ਼ ਹੈ। ਜੇ ਤੁਸੀ ਦੁਨੀਆ ਦੇ ਸਭ ਤੋਂ ਅਮੀਰ, ਮਸ਼ਹੂਰ ਅਤੇ ਤਾਕਤਵਰ ਵਿਅਕਤੀ ਹੁੰਦੇ ਤਾਂ ਇਹ ਸਿਰਫ਼ ਆਤਮਾ ਨੂੰ ਦੁੱਖ ਦੇਣ ਦੀ ਹੀ ਗੱਲ ਹੋਵੇਗੀ। ਬਾਇਬਲ ਦੇ ਬਾਦਸ਼ਾਹ ਸੁਲੇਮਾਨ ਕੋਲ ਇਹ ਸਭ ਕੁਝ ਸੀ, ਫਿਰ ਵੀ ਉਸ ਨੇ ਇਹਨਾਂ ਨੂੰ ਵਿਅਰਥ ਹੀ ਦੱਸਿਆ।

ਪ੍ਰਮੇਸ਼ਵਰ ਤੋਂ ਮਿਹਰਬਾਨੀ ਪ੍ਰਾਪਤ ਕਰਨਾ ਹੀ ਇੱਕੋ-ਇੱਕ ਅਸਲੀ ਤੇ ਸਥਾਈ ਖ਼ਜ਼ਾਨਾ ਹੈ। ਜੀਵਨ ਦੀਆਂ ਸਾਰੀਆਂ ਚੀਜ਼ਾਂ ਨਾਲ ਸਬੰਧਿਤ ਸਭ ਤੋ ਉੱਚ ਚੋਟੀ ਦਾ ਸਿੱਖਿਅਤ ਹੋਣਾ ਕੁਝ ਵੀ ਨਹੀ, ਕਿਉਂਕਿ ਇਸ ਸੰਸਾਰ ਵਿੱਚ ਜੋ ਕੁਝ ਵੀ ਹੈ, ਉਹ ਥੋੜ੍ਹੇ ਸਮੇਂ ਵਿੱਚ ਖ਼ਤਮ ਹੋ ਜਾਵੇਗਾ ਅਤੇ ਕਿਸੇ ਵੀ ਚੀਜ਼ ਦਾ ਚੇਤਾ ਨਹੀ ਰਹੇਗਾ।

ਜਦੋਂ ਅਸੀਂ ਭਵਿੱਖ ਲਈ ਤਿਆਰੀ ਕਰਨ ਦੀ ਗੱਲ ਕਰਦੇ ਹਾਂ, ਤਾਂ ਭਵਿੱਖ ਕਿੱਥੇ ਹੈ.??? ਕੀ ਇਹ ਪ੍ਰਮੇਸ਼ਵਰ ਨਾਲ ਨਹੀ ਜੁੜੀਆ ਹੁੰਦਾ ਹੈ..??? ਬਾਇਬਲ ਸਾਨੂੰ ਦੱਸਦਾ ਹੈ ਕਿ ਉਹ ਰਾਜੇ ਦਾ ਦਿਲ ਆਪਣੇ ਹੱਥ ਵਿੱਚ ਰੱਖਦਾ ਹੈ ਅਤੇ ਆਪਣੀ ਮਰਜ਼ੀ ਅਨੁਸਾਰ ਪਾਣੀ ਦੇ ਦਰਿਆਵਾਂ ਵਾਂਗ ਉਸਦੇ ਦਿਲ ਨੂੰ ਘੁੰਮਾਉਦਾ ਹੈ। ਵਚਨ ਦੇ ਅਨੁਸਾਰ, ਉਹ ਚੰਗਿਆਈ ਵੀ ਬਣਾਉਦਾ ਹੈ ਤੇ ਉਹ ਬੁਰਾਈ ਵੀ ਪੈਦਾ ਕਰਦਾ ਹੈ,ਉਸਦੇ ਦੋਵਾਂ ਵਿੱਚ ਆਪਣੇ ਹੀ ਰਾਹ ਹਨ।

ਅੱਜ ਦੇ ਸੰਸਾਰ ਵਿੱਚ ਅਤੇ ਆਉਣ ਵਾਲੇ ਸੰਸਾਰ ਵਿੱਚ ਪ੍ਰਮੇਸ਼ਵਰ ਤੋਂ ਬਿਨਾਂ ਕੋਈ ਵੀ ਭਵਿੱਖ ਨਹੀ ਹੈ। ਮੈਂ ਇੱਕ ਵਾਰ, ਇੱਕ ਪ੍ਰਚਾਰਕ ਨਾਲ ਉਸ ਦੇ ਭਵਿੱਖ ਬਾਰੇ ਗੱਲ ਕੀਤੀ। ਉਹ ਆਪਣੇ ਘਰ ਦੇ ਭੁਗਤਾਨ ਕਰਨ ਤੋਂ ਬਾਅਦ ਉਹ ਪ੍ਰਮੇਸ਼ਵਰ ਦੇ ਲਈ ਕੰਮ ਕਰਨ ਦੀ ਯੋਜਨਾਂ ਬਣਾ ਰਿਹਾ ਸੀ। ਜਦੋਂ ਹੀ ਆਖਰੀ ਭੁਗਤਾਨ ਕਰਨ ਦਾ ਸਮਾਂ ਆ ਗਿਆ ਸੀ, ਉਸਦਾ ਇੱਕ ਬੱਚਾ ਘਰ ਦੇ ਪਿੱਛੇ ਝੀਲ ਵਿੱਚ ਡੁੱਬ ਗਿਆ।ਜੇ ਉਹ ਸ਼ੁਰੂ ਵਿੱਚ ਆਪਣਾ ਸਾਰਾ ਕੁੱਝ ਪ੍ਰਮੇਸ਼ਵਰ ਦੇ ਹਵਾਲੇ ਕਰ ਦਿੰਦਾ ਤਾਂ ਚੰਗਾ ਹੁੰਦਾ।

ਇੱਕ ਰਾਤ, ਜਦੋਂ ਪ੍ਰਮੇਸ਼ਵਰ ਦੀ ਆਤਮਾ ਪਛਤਾਵੇ ਲਈ ਆਤਮਾਵਾਂ ਨੂੰ ਖਿੱਚ ਰਹੀ ਸੀ ਤਾਂ ਇੱਕ ਆਦਮੀ ਸਾਡੀ ਸਭਾ ਵਿੱਚ ਆਇਆ ਅਤੇ ਉਸਨੂੰ ਮੁੱਕਤੀ ਸਵੀਕਾਰਨ ਦਾ ਮੌਕਾ ਦਿੱਤਾ ਗਿਆ, ਪਰ ਉਸ ਨੇ ਇਨਕਾਰ ਕਰ ਦਿੱਤਾ। ਅਗਲੇ ਦਿਨ ਕਰੀਬ ਦੁਪਹਿਰ ਦੇ ਵੇਲੇ, ਨੇੜੇ ਦੇ ਅੰਤਿਮ ਸੰਸਕਾਰ ਘਰ ਵਿੱਚ, ਮੈਂ ਉਸ ਦੇ ਮਰੇ ਹੋਏ ਚਿਹਰੇ ਨੂੰ ਤਾਬੂਤ ਵਿੱਚ ਦੇਖਿਆ। ਮੌਤ ਉਸ ਸਮੇ ਬਹੁਤ ਜਲਦੀ ਹੋਈ ਜਦੋ ਉਸ ਨੇ ਪ੍ਰਮੇਸ਼ਵਰ ਨੂੰ ਨਕਾਰ ਦਿੱਤਾ। ਉਹ ਭਵਿੱਖ ਲਈ ਤਿਆਰ ਨਹੀ ਸੀ।

ਇੱਕ ਹੋਰ ਸਭਾ ਵਿੱਚ ਮੈਂ ਦੋ ਬੰਦਿਆ ਨੂੰ ਅਪੀਲ ਕੀਤੀ ਅਤੇ ਉਨ੍ਹਾਂ ਨੇ ਨਾ-ਮਨਜ਼ੂਰ ਕਰ ਦਿੱਤਾ। ਕੁਝ ਹੀ ਦੇਰ ਬਾਅਦ, ਦੋਵੇ ਵਿਅਕਤੀ ਮਰ ਗਏ। ਮੇਰੇ ਆਪਣੇ ਸੇਵਾ ਕਾਲ ਵਿੱਚ ਜੋ ਕੁਝ ਵਾਪਰਿਆ ਹੈ ਉਸ ਨੂੰ ਦੱਸਣ ਲਈ ਬਹੁਤ ਥਾਂ ਦੀ ਲੋੜ ਹੋਵੇਗੀ। ਇਹ ਸਾਬਤ ਕਰਨ ਲਈ ਕਿ ਪ੍ਰਮੇਸ਼ਵਰ ਤੋਂ ਬਿਨਾਂ ਕੋਈ ਭਵਿੱਖ ਨਹੀ ਹੈ।

ਬਾਇਬਲ ਸਾਨੂੰ ਦੱਸਦਾ ਹੈ, ਬੁਰਿਆਰ (ਬੁਰਾਈ) ਨੂੰ ਕੋਈ ਸ਼ਾਤੀ ਨਹੀ ਹੈ। ਅਮੀਰਾਂ ਦੇ ਕੰਨਾਂ ਵਿੱਚ ਇੱਕ ਭਿਆਨਕ ਆਵਾਜ਼ ਗੂੰਜਦੀ ਹੈ ਜੋਂ ਕਦੇ ਵੀ ਬੰਦ ਨਹੀ ਹੁੰਦੀ। ਜ਼ਿੰਦਗੀ ਦੇ ਮੁੱਖ ਰਾਹ ਦੇ ਨਾਲ ਆਪਣੇ ਪਿਆਰਿਆਂ ਨੂੰ ਗੁਆਉਣ ਦਾ ਡਰ, ਬਿਮਾਰੀ, ਪਾਗਲਪਨ ਅਤੇ ਆਫ਼ਤਾਂ ਦੇ ਡਰ ਨਾਲ ਲਗਾਤਾਰ ਪ੍ਰਭਾਵਿਤ ਹੋਣਾ ਹੀ ਜ਼ਿੰਦਗੀ ਜੀਣ ਦੀ ਮਾੜੀ ਕਿਸਮ ਹੈ। ਸੰਘਰਸ਼ ਕਰਨਾ ਅਤੇ ਕੋਸ਼ਿਸ ਕਰਨਾ, ਦੀਵਾਲੀਆ ਹੋਣਾ ਜਾਂ ਆਪਣੇ ਸਾਮਾਨ ਨੂੰ ਨੁਕਸਾਨ ਤੋਂ ਬਚਾਉਣ ਦੀ ਕੋਸ਼ਿਸ਼ ਕਰਨਾ, ਜਿਸ ਲਈ ਅਸੀ ਬਹੁਤ ਮਿਹਨਤ ਕਰਦੇ ਹਾਂ ਅਤੇ ਨਾਜਾਇਜ਼ ਲੈਣ-ਦੇਣ ਕਰਕੇ ਆਪਣੇ ਸਾਥੀ ਨਾਲ ਬਦਸਲੂਕੀ ਕਰਨਾ, ਇਹ ਜੀਵਨ ਨਹੀ ਹੈ। ਪਾਖੰਡ ਦਾ ਧਾਰਮਿਕ ਜੀਵਨ, ਬੌਧਿਕ ਤਰਕ ਨਾਲ ਆਪਣੇ ਆਪ ਨੂੰ ਹਰ ਰੋਜ ਧੋਖਾ ਦੇਣਾ, ਆਪਣੇ ਆਪ ਨੂੰ ਵਿਸ਼ਵਾਸ ਦਵਾਉਣਾ ਅਤੇ ਆਸ ਦਾ ਭਰੋਸਾ ਜੋ ਕਿ ਅਸਲ ਵਿੱਚ ਸਾਡੇ ਦਿਲਾਂ ਵਿੱਚ ਨਹੀ ਹੈ। ਕੀ ਤੁਸੀਂ ਕਹੋਗੇ ਕਿ ਇਹ ਜੀਵਨ ਹੈ..??

ਸਾਡੇ ਸਾਥੀ ਮਨੁੱਖ ਦੀ ਸੇਵਾ ਦੇ ਡੂੰਗੇ ਉਦੇਸ਼ਾ ਵਿੱਚੋ ਇੱਕ ਇਮਾਨਦਾਰੀ ਦਾ ਹੋਣਾ ਅਤੇ ਬਹੁਤ ਹੀ ਨੇਕ ਹੋਣਾ ਚਾਹੀਦਾ ਹੈ। ਹਮੇਸ਼ਾ ਸਾਡੇ ਭਰਾ ਦੇ ਰੱਖਵਾਲੇ ਵਜੋਂ ਸਾਡੀ ਪਦਵੀ ਦੀ ਜਿੰਮੇਵਾਰੀ ਨੂੰ ਮਹਿਸੂਸ ਕਰਨਾ ਚਾਹੀਦਾ ਹੈ। ਸਾਡੇ ਵਿੱਚੋ ਹਰੇਕ ਵਿਅਕਤੀ ਕਿਸੇ ਕਿਸਮ ਦੀ ਸੇਵਾ ਦੇ ਲਈ ਇੱਕ ਦੂਸਰੇ 'ਤੇ ਨਿਰਭਰ ਹੁੰਦਾ ਹੈ। ਪ੍ਰਮੇਸ਼ਵਰ ਨੇ ਇਸ ਨੂੰ ਇਸ ਤਰ੍ਹਾਂ ਸਥਾਪਤ ਕੀਤਾ ਹੈ ਕਿਉਂਕਿ ਅਸੀ ਆਪਣੇ ਭਰਾ ਦੇ ਰਾਖਵਾਲੇ ਹਾਂ। ਕਇਨ ਨੇ ਹਾਬਲ ਨੂੰ ਮਾਰ ਦਿੱਤਾ ਅਤੇ ਆਪਣੀ ਧੋਖੇ ਵਾਲੀ ਇੱਛਾ ਦੇ ਰਾਹੀ ਆਪਣੇ ਭਰਾ ਦਾ ਰਾਖਾ ਹੋਣ ਨੂੰ ਨਕਾਰਿਆ। ਪ੍ਰਮੇਸ਼ਵਰ ਮਨੁੱਖ ਨੂੰ ਉਸੇ ਅਨੁਸਾਰ ਫਲ ਦੇਵੇਗਾ। ਵਚਨ ਸਾਨੂੰ ਦੱਸਦਾ ਹੈ ਕਿ ਉਹ ਜਿਹੜਾ ਧੋਖੇ ਨਾਲ ਧੰਨ ਪ੍ਰਾਪਤ ਕਰਦਾ ਹੈ, ਉਸ ਨੂੰ ਆਪਣੇ ਦਿਨਾਂ ਦੇ ਵਿਚਕਾਰ ਕੱਟ ਦਿੱਤਾ ਜਾਵੇਗਾ ਅਤੇ ਅੰਤ ਵਿੱਚ ਉਹ ਮੂਰਖ ਹੋਵੇਗਾ।

ਸਿਰਫ ਉਹਨਾਂ ਵਧੀਆ ਘਰਾਂ, ਕੱਪੜਿਆਂ ਅਤੇ ਕਾਰਾਂ 'ਤੇ ਵਿਚਾਰ ਨਾ ਕਰੋ ਜਿੰਨ੍ਹਾਂ ਨੂੰ ਤੁਸੀਂ ਲੋਕਾਂ ਦੇ ਕੋਲ ਦੇਖਦੇ ਹੋ।ਸਿਰਫ ਜੀਵਨ ਦੀ ਇੱਜਤ, ਪ੍ਰਸਿੱਧੀ ਅਤੇ ਸਥਿੱਤੀ 'ਤੇ ਵਿਚਾਰ ਨਾ ਕਰੋ, ਪਰ ਮਾਨਸਿਕ ਸੰਸਥਾਵਾਂ, ਤੱਪਦਿਕ ਦੇ ਕੇਂਦਰਾਂ, ਅਖ਼ਬਾਰ ਦੀਆਂ ਰੋਜ਼ਾਨਾ ਰਿਪੋਰਟਾਂ ਅਤੇ ਜੀਵਨ ਦੀਆ ਸਾਰੀਆ ਆਫ਼ਤਾਂ, ਜਿਵੇਂ ਕਿ ਸ਼ਹਿਰਾਂ ਵਿੱਚ ਅਕਸਰ ਸੁਣਾਈ ਦੇਣ ਵਾਲੀਆ ਸ਼ੋਰਾਂ ਬਾਰੇ ਵਿਚਾਰ ਕਰੋ। ਇਹ ਭਿਆਨਕ ਪ੍ਰਭਾਵ, ਡਰ ਅਤੇ ਖਿਝਾਂ ਦੇ ਨਾਲ-ਨਾਲ, ਮੈਨੂੰ ਦੱਸਦੇ ਹਨ ਕਿ ਇਹ ਸਭ ਕੁਝ ਜੀਵਨ ਲਈ ਨਹੀ ਹੈ। ਇੱਥੇ ਰਹਿਣ ਦਾ ਇੱਕ ਉੱਚਾ ਪੱਧਰ ਹੈ ਜਿੱਥੇ ਖੁਸ਼ੀ, ਸ਼ਾਤੀ ਅਤੇ ਧਾਰਮਿਕਤਾ ਦਾ ਮਾਹੌਲ ਹੈ। ਪ੍ਰਮੇਸ਼ਵਰ ਦੀ ਸੇਵਾ ਕਰਨ ਨਾਲ ਇਹ ਮਾਹੌਲ ਪੈਦਾ ਹੁੰਦਾ ਹੈ।

ਉਹੀ ਦਲੀਲ-ਦੇਣ ਵਾਲੀ ਆਵਾਜ਼, ਜਿਸ ਨੇ ਸਦੀਆਂ ਤੋਂ ਆਵਾਜ਼ ਮਾਰੀ ਹੈ, ਅਜੇ ਵੀ ਜੋ ਸਾਨੂੰ ਸਾਰੀਆਂ ਨੂੰ ਸੰਕੇਤ ਦਿੰਦੀ ਹੈ। ਇਹ ਸੇਵਕਾਈ

ਅਤੇ ਪ੍ਰਮੇਸ਼ਵਰ ਦੇ ਬੱਚਿਆਂ ਦੁਆਰਾ ਪ੍ਰਮੇਸ਼ਵਰ ਦੀ ਆਵਾਜ਼ ਹੈ, ਜਦੋ ਤੋਂ ਸੰਸਾਰ ਸੁਰੂ ਹੋਇਆ ਹੈ, ਲੋਕਾਂ ਨੂੰ ਬੇਨਤੀ ਕਰਦੀ ਹੈ। ਮਸੀਹ ਦੀ ਇਹ ਆਵਾਜ਼ ਨੇ ਲੰਘੀਆਂ ਪੀੜ੍ਹੀਆਂ ਵਿੱਚ ਆਪਣੇ ਆਪ ਨੂੰ ਉੱਪਰ ਚੁੱਕਿਆ। ਇਸ ਨੇ ਤਬਾਹੀ ਤੋਂ ਪਹਿਲਾਂ ਨੂਹ ਦੇ ਦਿਨ ਵਿੱਚ ਇਹ ਗੱਲ ਸਵੀਕਾਰ ਕੀਤੀ ਸੀ। ਇਸ ਨੇ ਯਿਸੂ ਮਸੀਹ ਦੇ ਦਿਨਾਂ ਵਿੱਚ ਯਰੁਸ਼ਲਮ ਤੇ ਵੱਡੀਆਂ ਤਬਾਹੀਆਂ ਦੇ ਆਉਂਣ ਤੋਂ ਠੀਕ ਪਹਿਲਾਂ ਬੇਨਤੀ ਕੀਤੀ ਸੀ। ਇਸ ਨੇ ਅਮਰੀਕਾ ਦੇ ਸ਼ੁਰੂਆਤੀ ਇਤਿਹਾਸ ਵਿੱਚ ਵਸਨੀਕਾਂ ਨਾਲ ਗੱਲ ਕੀਤੀ, ਜਦੋਂ ਉਹ ਪ੍ਰੇਰੀ ਦੀ ਸਵਾਰੀ ਕਰਦੇ ਸਨ, ਅਮਰੀਕਾ ਦੇ ਮੂਲਨਿਵਾਸੀਆਂ ਨਾਲ ਲੜਦੇ ਸਨ, ਆਪਣੀਆਂ ਰੁਮਾਂਚਕ ਜਿੱਤਾਂ ਵਿੱਚ ਜੀਵਨ ਦੇ ਤੂਫ਼ਾਨਾਂ ਤੇ ਪਰਦਾ ਪਾਉਣ ਦੀ ਕੋਸ਼ਿਸ਼ ਕਰਦੇ ਸਨ। ਅਤੀਤ ਤੋਂ ਹੀ ਉਸ ਇਕੱਲੇ ਗੈਲੀਲੀਅਨ ਸ਼ਬਦ ਦੀਆਂ ਕੋਮਲ ਗੂੰਜਾਂ ਆਉਦੀਆਂ ਹਨ, ਜੋ ਤੁਹਾਡੇ ਅਤੇ ਮੇਰੇ ਲਈ ਦੁੱਖਾਂ ਦੀ ਜ਼ਿੰਦਗੀ ਜਿਓਇਆ। ਅੱਜ ਉਹੀ ਆਵਾਜ਼ ਸਮਾਜਵਾਦ ਦੀ ਦੁਨੀਆ ਨੂੰ ਸਭ ਤੋਂ ਵੱਧ ਅਪੀਲ ਕਰ ਰਹੀ ਹੈ। ਮੈਂ ਤੁਹਾਨੂੰ ਇਹ ਸਵਾਲ ਪੁੱਛਦਾ ਹਾਂ, ਮੇਰੇ ਮਿੱਤਰ: ਅਸੀ ਇਸ ਪਛਤਾਵੇ ਦੇ ਸੱਦੇ ਵੱਲ ਕਿਉ ਨਹੀ ਮੁੜਦੇ..?? ਜੀਵਨ ਦੇ ਆਪਣੇ ਸਮਾਜਿਕ ਰੁਝਾਣ ਤੋਂ ਮੂੰਹ ਮੁੜ ਕਿ ਘੱਟ ਜਾਗੀਰ ਵਾਲੇ ਲੋਕਾਂ ਦੇ ਨਾਲ ਮੇਲ ਕਿਉ ਨਹੀ ਰੱਖਦੇ?

ਮਸੀਹ ਨੇ ਕਿਹਾ ਕਿ ਇਹ ਆਖਰੀ ਪੀੜ੍ਹੀ ਸਿਰ-ਮੱਥੇ, ਉੱਚ-ਦਿਮਾਗ, ਅਨੁਮਾਨਤ, ਸਵੈ-ਇੱਛਾ ਅਤੇ ਪ੍ਰਮੇਸ਼ਵਰ ਦੇ ਨਾਲੋਂ ਆਪਣੇ-ਆਪ ਦੇ ਪ੍ਰੇਮੀ ਵੱਧ ਹੋਣਗੇ।ਪੌਲੁਸ ਨੇ ਕਿਹਾ ਕਿ ਇਹ ਉਹ ਲੋਕ ਹਨ ਜਿਨ੍ਹਾਂ ਦੇ ਉੱਤੇ ਸੰਸਾਰ ਦਾ ਅੰਤ ਆਉਦਾ ਹੈ। ਤੁਹਾਡੇ ਵਿੱਚੋਂ ਬਹੁਤ ਸਾਰੇ ਲੋਕ ਹਨ, ਜਿਨ੍ਹਾਂ ਨਾਲ ਮੈਂ ਗੱਲ ਕਰਦਾ ਹਾਂ। ਉਨ੍ਹਾਂ ਨੇ ਆਪਣੀ ਜ਼ਮੀਰ ਨੂੰ ਗਰਮ ਲੋਹੇ ਨਾਲ ਪਹਿਲਾਂ ਹੀ ਦਾਗ ਰੱਖਿਆ ਹੈ ਤੇ ਆਪਣੇ ਆਪ ਨੂੰ ਸ਼ੈਤਾਨ ਦੀ ਆਤਮਾ ਨੂੰ ਸੌਂਪ ਕੇ ਹਰ ਤਰ੍ਹਾਂ ਦੇ ਅਧਰਮੀ ਕੰਮ ਕਰਨ ਲਈ ਦੇ ਚੁੱਕੇ ਹੋ।

ਜਦੋ ਇਹ ਵੇਖਿਆ ਗਿਆ ਕਿ ਸੱਭ ਕੁਝ ਪੂਰੀ ਤਰ੍ਹਾਂ ਖਤਮ ਹੋ ਜਾਵੇਗਾ ਅਤੇ ਸੰਸਾਰ ਸਾੜ ਦਿੱਤਾ ਜਾਵੇਗਾ ਤਾਂ ਪਤਰਸ ਨੇ ਪੁੱਛਿਆ,'' ਸਾਨੂੰ ਪ੍ਰਮੇਸ਼ਵਰ ਦੇ ਦਿਨ ਦੇ ਆਉਣ ਵਾਲੇ ਸਮੇਂ ਦੀ ਪਵਿੱਤਰ ਬਾਤ ਵਿੱਚ, ਉਸਦੀ ਭਾਲ ਵਿੱਚ ਅਤੇ ਜਲਦਬਾਦੀ ਵਿੱਚ ਕਿਸ ਤਰ੍ਹਾਂ ਦਾ ਵਿਅਕਤੀ ਹੋਣਾ ਚਾਹੀਦਾ ਹੈ..???''। ਉਹੀ ਪਤਰਸ, ਜਿਸ ਨੂੰ ਰਾਜ ਦੀਆ ਚਾਬੀਆਂ ਦਿੱਤੀਆਂ ਗਈਆਂ ਸਨ। ਉਹ ਪੰਤੇਕੁਸਤ ਦੇ ਦਿਨ ਖੜ੍ਹਾ ਸੀ, ਜਦੋ ਕਲੀਸਿਯਾ ਦੀ ਸਥਾਪਨਾ ਕੀਤੀ ਗਈ ਤਾਂ ਸਾਰੀਆਂ ਪੀੜ੍ਹੀਆ ਲਈ ਦਰਵਾਜ਼ਾ ਖੋਲ੍ਹ ਦਿੱਤਾ ਸੀ। ਤਿੰਨ ਹਜ਼ਾਰ ਉਸੇ ਵੇਲੇ ਅੰਦਰ ਆ ਗਏ ਸਨ। ਅੱਜ ਅਰਬਾਂ ਲੋਕਾਂ ਵਿੱਚੋ, ਜੋ ਸਾਡੀ ਧਰਤੀ ਨੂੰ ਆਬਾਦ ਕਰਦੇ ਹਨ, ਕਿੰਨੇ ਕੁ ਲੋਕ ਸਰਲਤਾ ਦੇ ਇਸ ਮਹਾਨ ਨੇਤਾ ਦੇ ਸ਼ਬਦਾਂ ਨੂੰ ਮੰਨਣਗੇ, ਜਿਵੇਂ ਕਿ ਮਸੀਹ ਦੀ ਆਵਾਜ਼ ਉਸਦੇ ਬੁੱਲ੍ਹਾਂ ਰਾਹੀ ਗੂੰਜਦੀ ਹੈ ਤੇ ਸਾਰੀਆਂ ਪੀੜ੍ਹੀਆਂ ਤੱਕ ਆਉਦੀ ਹੈ।

ਤੋਬਾ ਕਰੋ, ਪਾਪਾ ਦੀ ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਮ ਤੇ ਬਪਤਿਸਮਾ ਲੈਣ ਲਈ ਸੱਦਾ ਦਿੱਤਾ ਗਿਆ ਹੈ ਤਾਂ ਜੋ ਤੁਸੀ ਪਵਿੱਤਰ ਆਤਮਾ ਦੀ ਦਾਤ ਪ੍ਰਾਪਤ ਕਰੋ, ਕਿਉਕਿ ਇਹ ਤੁਹਾਡੇ ਅਤੇ ਤੁਹਾਡੇ ਬੱਚਿਆ ਲਈ ਹੈ ਤੇ ਉਨ੍ਹਾਂ ਸਾਰਿਆ ਲਈ ਜੋ ਦੂਰ ਹਨ। ਜਿੰਨਾਂ ਨੂੰ ਵੀ ਸਾਡਾ ਪ੍ਰਮੇਸ਼ਵਰ ਬੁਲਾਉਣਗਾ, ਕੀ ਤੁਸੀ ਇਸ ਸੱਦੇ ਵਿੱਚ ਹੋ..???

ਬਾਇਬਲ ਕਹਿੰਦਾ ਹੈ ਕਿ ਇਹ ਲੋਕ ਹਰ ਰੋਜ ਰਸੂਲਾ ਦੇ ਸਿਧਾਂਤ ਉੱਤੇ ਅਟੱਲ ਰਹਿੰਦੇ ਸਨ, ਯਾਦ ਰੱਖੋ, ਹੋਰ ਕੋਈ ਰਸਤਾ ਨਹੀ ਹੈ।

ਕੋਈ ਮਨੁੱਖ ਸ਼ੇਖੀ ਨਾ ਮਾਰੇ, ਤੁਸੀਂ ਕੰਮਾਂ ਦੁਆਰਾ ਨਹੀਂ ਸਗੋਂ ਕਿਰਪਾ ਦੁਆਰਾ ਵਿਸ਼ਵਾਸ ਰਾਹੀ ਬਚੇ ਹੋਏ ਹੋ, ਪਰ ਇਹ ਪ੍ਰਮੇਸ਼ਵਰ ਦੀ ਦਾਤ ਹੈ। ਉਨ੍ਹਾਂ ਨੇ ਬਚਨ ਨੂੰ ਸੁਣਿਆ ਜਿਵੇ ਪਤਰਸ ਨੇ ਪ੍ਰਚਾਰ ਕੀਤਾ, ਉਨ੍ਹਾਂ ਨੇ ਬਚਨ ਤੇ ਵਿਸ਼ਵਾਸ ਕੀਤਾ ਅਤੇ ਵਿਸ਼ਵਾਸ ਜੋ ਬਚਨ ਦੀ ਸੁਣਨ ਨਾਲ ਆਉਂਦਾ ਹੈ ਉਨ੍ਹਾਂ ਦੇ ਜੀਵਨ ਵਿੱਚ ਪ੍ਰਮੇਸ਼ਵਰ ਦੇ ਬਚਨ ਦੀ ਆਗਿਆਕਾਰੀ ਦੁਆਰਾ ਪ੍ਰਗਟ ਹੋਇਆ ਜੋ ਪਤਰਸ ਨੇ ਬੋਲਿਆ ਸੀ। ਉਨ੍ਹਾਂ ਨੇ ਤੁਰੰਤ ਪਵਿੱਤਰ ਆਤਮਾ ਦਾ ਬਪਤਿਸਮਾ, ਸਦੀਵੀ ਜੀਵਨ ਦੀ ਪ੍ਰਮੇਸ਼ਵਰ ਦੀ ਆਤਮਾ, ਮੁਕਤੀ ਅਤੇ ਜੀ ਉੱਠਣ ਦੀ ਸ਼ਕਤੀ ਪ੍ਰਾਪਤ ਕੀਤੀ।

ਜਦੋਂ ਉਸਨੇ ਅਬਰਾਹਿਮ ਨਾਲ ਵਾਅਦਾ ਕੀਤਾ ਸੀ, ਉਸਨੇ ਮਸੀਹ ਵਿੱਚ, ਉਹ ਪੰਤੇਕੁਸਤ ਨੂੰ ਪੂਰਾ ਕੀਤਾ ਸੀ। ਜਦੋ ਪਤਰਸ ਨੇ ਕਿਹਾ ਸੀ,'' ਇਹ ਉਹ ਵਾਅਦਾ ਹੈ ਜੋ ਉਨ੍ਹਾਂ ਸਾਰੀਆ ਨੂੰ ਸਾਡਾ ਪ੍ਰਭੂ ਪ੍ਰਮੇਸ਼ਵਰ ਬੁਲਾਵੇਗਾ।

ਸਾਨੂੰ ਆਪਣੀ ਬੁਲਾਹਟ ਅਤੇ ਚੋਣ ਨੂੰ ਯਕੀਨੀ ਬਣਾਉਣ ਲਈ ਕਿਹਾ ਜਾਦਾ ਹੈ। ਅਸੀ ਕਿਵੇਂ ਜਾਣ ਸਕਦੇ ਹਾਂ ਕਿ ਅਸੀਂ ਉਨ੍ਹਾਂ ਲੋਕਾਂ ਵਿੱਚ ਸ਼ਾਮਲ ਸੀ, ਜੋ ਪ੍ਰਮੇਸ਼ਵਰ ਦੇ ਪੂਰਵਜਾਣਤਾ (ਗਿਆਨ) ਵਿੱਚ ਸਨ..?? ੧ ਪਤਰਸ ੧:੨ ਸਾਨੂੰ ਦੱਸਦਾ ਹੈ ਕਿ ਅਸੀਂ ਆਤਮਾ ਦੀ ਪਵਿੱਤਰਤਾ ਦੁਆਰਾ ਆਗਿਆਕਾਰੀ ਅਤੇ ਯਿਸੂ ਮਸੀਹ ਦੇ ਲਹੂ ਦੇ ਛਿੜਕਣ ਦੁਆਰਾ ਪ੍ਰਮੇਸ਼ਵਰ ਦੀ ਪੂਰਵਜਾਣਤਾ (ਗਿਆਨ) ਅਨੁਸਾਰ ਚੁਣੇ ਗਏ ਹਾਂ।

ਪ੍ਰਮੇਸ਼ਵਰ ਨੇ ਸਾਨੂੰ ਉਹ ਸਭ ਚੀਜ਼ਾਂ ਦਿੱਤੀਆਂ ਹਨ ਜੋ ਜੀਵਨ ਅਤੇ ਭਗਤੀ ਨਾਲ ਸੰਬੰਧਿਤ ਹਨ, ਸਾਨੂੰ ਮਹਿਮਾ ਅਤੇ ਨੇਕੀ ਲਈ ਬੁਲਾਇਆ ਹੈ। ਜਿਸਦੇ ਦੁਆਰਾ ਸਾਨੂੰ ਮਹਾਨ ਅਤੇ ਅਨਮੋਲ ਵਾਅਦੇ ਦਿੱਤੇ ਗਏ ਹਨ ਤਾਂ ਜੋ ਤੁਸੀਂ ਰੱਬੀ ਸੁਭਾਅ ਦੇ ਭਾਗੀ ਹੋ ਕੇ ਭ੍ਰਿਸ਼ਟਾਚਾਰ ਤੋ ਬੱਚ ਸਕੋ, ਜੋ ਵਾਸ਼ਨਾ ਦੁਆਰਾ ਸੰਸਾਰ ਵਿੱਚ ਹੈ। ਪੰਜਵੀ ਆਇਤ ਵਿੱਚ, ਜਿੱਥੇ ਇਹ ਸਾਨੂੰ ਸਾਡੀ ਪੂਰੀ ਮਿਹਨਤ ਕਰਨ, ਸਾਡੀ ਨਿਹਚਾ, ਗੁਣ ਨੂੰ ਵਧਾਉਣ ਲਈ ਕਹਿੰਦਾ ਹੈ; ਅਤੇ ਨੇਕੀ, ਗਿਆਨ: ਅਤੇ ਗਿਆਨ ਨੂੰ, ਸੰਜਮ ਨੂੰ; ਅਤੇ ਸਹਿਜਤਾ , ਸਬਰ; ਅਤੇ ਸਬਰ ਨੂੰ, ਭਗਤੀ ; ਅਤੇ ਭਗਤੀ ਲਈ, ਭਾਈਚਾਰੇ ਦੀ ਦਇਆ ਜਾਂ ਦਾਨ ਲਈ, ਜੇ ਇਹ ਗੱਲਾਂ ਤੁਹਾਡੇ ਵਿੱਚ ਹਨ, ਤੁਸੀਂ ਨਾਂ ਬੰਜਰ ਜਾਂ ਫਲ-ਰਹਿਤ ਹੋਵੋਗੇ। ਪਰ ਜਿਸਦੇ ਵਿੱਚ ਇਨ੍ਹਾਂ ਚੀਜ਼ਾਂ ਦੀ ਘਾਟ ਹੈ ਉਹ ਅੰਨ੍ਹਾ ਹੈ, ਤੇ ਉਹ ਦੂਰੋਂ ਨਹੀ ਵੇਖ ਸਕਦਾ ਅਤੇ ਭੁੱਲ ਜਾਂਦਾ ਹੈ ਕਿ ਉਹ ਆਪਣੇ ਪੁਰਾਣੇ ਪਾਂਪਾਂ ਤੋਂ ਪਵਿੱਤਰ ਹੋ ਗਿਆ ਸੀ।

ਪ੍ਰੇਮ ਲੰਮੇ ਸਮੇ ਤੱਕ ਦੁੱਖ ਝੱਲਦਾ ਹੈ ਅਤੇ ਦਿਆਲੂ ਹੈ, ਇਹ ਈਰਖਾ ਨਹੀ ਕਰਦਾ, ਆਪਣੇ ਆਪ ਨੂੰ ਹੰਕਾਰੀ ਨਹੀ ਬਣਾਉਦਾ, ਘਮੰਡੀ ਨਹੀ ਰਹਿੰਦਾ, ਆਪਣੇ ਆਪ ਨੂੰ ਗੁੰਝਲਦਾਰ ਨਹੀ ਬਣਾਉਦਾ, ਆਪ ਸੁਆਰਥੀ ਨਹੀ, ਅਸਾਨੀ ਨਾਲ ਭੜਕਦਾ ਨਹੀ, ਬੁਰਾਈ ਵਿੱਚ ਖੁਸ਼ ਨਹੀ ਹੁੰਦਾ, ਪਰ ਸੱਚਾਈ ਵਿੱਚ ਖੁਸ਼ ਹੁੰਦਾ ਹੈ, ਸੱਭ ਕੁਝ ਸਹਿ ਲੈਂਦਾ ਹੈ, ਸਭ ਚੀਜ਼ਾਂ ਤੇ ਵਿਸ਼ਵਾਸ ਕਰਦਾ ਹੈ, ਸਾਰੀਆਂ ਚੀਜ਼ਾ ਦੀ ਉਮੀਦ ਕਰਦਾ।

ਯਿਸੂ ਨੇ ਕਿਹਾ ਕਿ ਅਸੀ ਇੱਕ ਮਸੀਹੀ ਨੂੰ ਉਸਦੇ ਫਲਾਂ ਦੁਆਰਾ ਜਾਣਾਂਗੇ। ਅਸੀ ਜਾਣਦੇ ਹਾਂ ਕਿ ਅਸੀਂ ਮੌਤ ਤੋਂ ਜੀਵਨ ਵੱਲ ਚਲੇ ਗਏ ਹਾਂ ਕਿਉਂਕਿ ਅਸੀਂ ਭਰਾਵਾਂ ਨੂੰ ਪਿਆਰ ਕਰਦੇ ਹਾਂ। ਪ੍ਰਮੇਸ਼ਵਰ ਹੀ ਪਿਆਰ ਹੈ। ਉਹ ਜਿਹੜਾ ਪਿਆਰ ਵਿੱਚ ਵੱਸਦਾ ਹੈ, ਉਹ ਪ੍ਰਮੇਸ਼ਵਰ ਵਿੱਚ ਵੱਸਦਾ ਹੈ।

ਆਤਮਾ ਦੇ ਫਲ ਹਨ:- ਪਿਆਰ, ਅਨੰਦ, ਸ਼ਾਤੀ, ਸਹਿਣਸ਼ੀਲਤਾ, ਕੋਮਲਤਾ, ਨਿਮਰਤਾ, ਸੁਸ਼ੀਲਤਾ, ਚੰਗਿਆਈ, ਵਿਸ਼ਵਾਸ ਅਜਿਹੇ ਗੁਣਾਂ ਵਾਲੇ ਲੋਕਾਂ ਦੇ ਵਿਰੁੱਧ ਕੋਈ ਕਾਨੂੰਨ ਨਹੀ ਹੈ। ਇਹ ਚੀਜ਼ਾਂ ਸਾਬਤ ਕਰਦੀਆਂ ਹਨ ਕਿ ਤੁਸੀਂ ਬੁਲਾਏ ਤੇ ਚੁਣੇ ਗਏ ਹੋ, ਜੇ ਇਹ ਤੁਹਾਡੀ ਜਿੰਦਗੀ ਵਿੱਚ ਪ੍ਰਦਰਸ਼ਿਤ ਹੁੰਦੇ ਹਨ।

ਕੀ ਤੁਸੀਂ ਨਹੀ ਜਾਣਦੇ ਕਿ ਕੁਧਰਮੀ ਲੋਕ ਪ੍ਰਮੇਸ਼ਵਰ ਦੇ ਰਾਜ ਦੇ ਵਾਰਸ਼ ਨਹੀ ਹੋਣਗੇ..?? ਧੋਖਾ ਨਾਂ ਖਾਉ; ਹਰਾਮਕਾਰੀ, ਮੂਰਤੀ ਪੂਜਾ ਕਰਨ

ਵਾਲੇ, ਵਿਭਚਾਰੀ, ਅਪਰਾਧੀ, ਮਨੁੱਖਜਾਤੀ ਨਾਲ ਆਪਣੇ ਆਪ ਨੂੰ ਗਾਲਾਂ ਕੱਢਣ ਵਾਲੇ, ਚੋਰ, ਲੋਭੀ, ਸ਼ਰਾਬੀ, ਬਦਸਲੂਕੀ ਕਰਨ ਵਾਲੇ ਅਤੇ ਨਾ ਹੀ ਲੁਟੇਰੇ ਪ੍ਰਮੇਸ਼ਵਰ ਦੇ ਰਾਜ ਦੇ ਵਾਰਸ਼ ਹੋਣਗੇ। ਪੌਲੁਸ ਨੇ ਕਿਹਾ ਕਿ ਇੱਕ ਦੂਜੇ ਨੂੰ ਧੋਖਾ ਨਾ ਦੇਣਾ।

ਵਚਨ ਦਾ ਪ੍ਰਚਾਰ ਕਰੋ। ਰੁੱਤ ਵਿੱਚ ਤੁਰੰਤ ਰਹੋ, ਰੁੱਤ ਤੋਂ ਬਾਹਰ, ਤਾੜਨਾ, ਝਿੜਕਾਂ, ਸਹਿਣਸ਼ੀਲਤਾ ਤੇ ਸਿਧਾਂਤ ਦੀ ਵਰਤੋ ਕਰੋ। ਕਿਉ ਜੋ ਉਹ ਸਮਾਂ ਆਵੇਗਾ ਜਦੋ ਉਹ ਖਰੀ ਸਿੱਖਿਆ ਨੂੰ ਨਹੀ ਸਹਿਣਗੇ ਪਰ ਕੰਨਾਂ ਦੀ ਜਲੂਨ ਦੇ ਕਾਰਨ ਆਪਣਿਆਂ ਵਿਸ਼ਿਆਂ ਦੇ ਅਨੁਸਾਰ ਆਪਣੇ ਲਈ ਢੇਰ ਸਾਰੇ ਗੁਰੂ ਧਾਰਨਗੇ ਅਤੇ ਉਹ ਆਪਣੇ ਕੰਨਾਂ ਨੂੰ ਸੱਚਾਈ ਤੋਂ ਹਟਾ ਕਿ ਕਹਾਣੀਆ ਵੱਲ ਲਾ ਦੇਣਗੇ।

ਜੇ ਕੋਈ ਵਿਅਕਤੀ ਇਸ ਤੋ ਇਲਾਵਾ ਕੁਝ ਹੋਰ ਸਿਖਾਉਦਾ ਹੈ ਜਾਂ ਕੋਈ ਸਿਧਾਂਤ ਹੈ ਜੋ ਭਗਤੀ ਦੇ ਅਨੁਸਾਰ ਨਹੀਂ ਹੈ ਤਾਂ ਉਹ ਹੰਕਾਰੀ ਹੈ, ਕੁਝ ਵੀ ਨਹੀ ਜਾਣਦਾ। ਉਹ ਪ੍ਰਸ਼ਨਾਂ ਬਾਰੇ ਕਿੰਤੂ ਪਰੰਤੂ ਕਰਦਾ ਹੈ ਜਿਸ ਨਾਲ ਲੜਾਈ ਅਤੇ ਬੁਰਾਈ ਆਉਂਦੀ ਹੈ। ਇੱਥੇ ਕੋਈ ਵੀ ਭਲਾ ਨਹੀ ਕਰਦਾ, ਨਹੀ...!!! ਇੱਕ ਵੀ ਨਹੀ। ਭੇਡਾਂ ਦੀ ਤਰ੍ਹਾਂ, ਉਹ ਸਾਰੇ ਭਟਕ ਗਏ ਹਨ ਅਤੇ ਹਰ ਆਦਮੀ ਆਪਣੇ ਖੁਦ ਦੇ ਰਾਹ ਵੱਲ ਮੁੜਿਆ ਹੈ ਤੇ ਪ੍ਰਮੇਸ਼ਵਰ ਨੇ ਉਸ ਉੱਤੇ ਸਾਡੇ ਸਾਰਿਆਂ ਦੇ ਪਾਪ ਰੱਖ ਦਿੱਤੇ ਹਨ। ਉਹ ਸਾਡੀ ਬੁਰਿਆਈ ਲਈ ਕੁਚਲਿਆ ਗਿਆ ਤੇ ਸਾਡੀ ਸ਼ਾਂਤੀ ਦੀ ਸ਼ਜਾ ਉਸ ਉੱਤੇ ਰੱਖੀ ਗਈ ਸੀ। ਮੈਂ ਉਸ ਵਿਸ਼ਵਾਸ ਦੀ ਗੱਲ ਕਰ ਰਿਹਾ ਹਾਂ ਜੋ ਸੰਤਾਂ ਨੂੰ ਇੱਕ ਵਾਰ ਦਿੱਤਾ ਗਿਆ ਸੀ। ਅੱਜ ਪ੍ਰਭੂ ਯਿਸੂ ਵਿੱਚ ਵਿਸ਼ਵਾਸ ਰੱਖੋ ਅਤੇ ਬਚਾਏ ਜਾਉ। ਇਹ ਮੇਰੀ ਦੁਆ ਹੈ, ਪ੍ਰਮੇਸ਼ਵਰ ਤੁਹਾਨੂੰ ਬਰਕਤ ਦੇਵੇ।

ਦੁਆਰਾ: ਜਾਰਜ ਲਿਓਨ ਪਾਈਕ, ਸੀਨੀਅਰ

ਸੰਸਥਾਪਕ ਅਤੇ ਯਿਸ਼ੂ ਮਸੀਹ ਦੇ ਅਨੰਤ ਭਰਪੂਰ ਜੀਵਨ ਦਾ ਪਹਿਲਾ ਰਾਸ਼ਟਰਪਤੀ